# GCSE
# PANJABI

# H

Higher Tier Paper 1 Listening Test Transcript

Time allowed: 45 minutes approximately
(including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer all the questions in the spaces provided. Do **not** write outside the box around each page or on blank pages.
- Write neatly and put down **all** the information you are asked to give.
- **Ask any questions now. You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the test has started, the invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the invigilator should pause the recording until the questions have been answered. The recording should then be restarted.

## Section A

Questions and answers in **English**.

**0 1** **F1** ਸਤਿ ਸ੍ਰੀ ਅਕਾਲ ਚਰਨ ਸਿੰਘ ਜੀ। ਤੁਹਾਨੂੰ ਖੇਤੀ-ਬਾੜੀ ਦੇ ਕੰਮ ਵਿੱਚ ਸਭ ਤੋਂ ਵੱਧ ਕੀ ਪਸੰਦ ਹੈ ?

**M1** ਕੁਦਰਤੀ ਮਾਹੌਲ ਵਿੱਚ ਰਹਿ ਕੇ ਤਾਜ਼ੇ ਫਲ ਅਤੇ ਹਰੀਆਂ ਸਬਜ਼ੀਆਂ ਉਗਾਉਣਾ ਮੈਨੂੰ ਸਭ ਤੋਂ ਜ਼ਿਆਦਾ ਪਸੰਦ ਹੈ।

**0 2** **F1** ਇਸ ਸਾਲ ਮੌਸਮ ਦਾ ਤੁਹਾਡੀ ਖੇਤੀ-ਬਾੜੀ ਤੇ ਕੀ ਅਸਰ ਹੋਇਆ ?

**M1** ਇਸ ਸਾਲ ਮੀਂਹ ਪੈਣ ਕਾਰਨ ਮੇਰੀ ਕਣਕ ਦੀ ਫਸਲ ਖਰਾਬ ਹੋ ਗਈ ਸੀ ਇਸ ਕਰਕੇ ਫਸਲਾਂ ਦੀ ਕਟਾਈ ਵੀ ਦੇਰ ਨਾਲ ਕਰਨੀ ਪਈ।

**0 3** **F2** ਮੈਂ ਹਮੇਸ਼ਾ ਖਰੀਦਾਰੀ ਕਰਨ ਵੇਲੇ ਥੈਲੇ ਘਰੋਂ ਲੈ ਕੇ ਜਾਂਦੀ ਹਾਂ। ਮੇਰੇ ਪਿਤਾ ਜੀ ਮੇਰੇ ਨਾਲ ਖੁਸ਼ ਹੋ ਜਾਂਦੇ ਹਨ ਜਦੋਂ ਮੈਂ ਕੱਚ ਦੀਆਂ ਬੋਤਲਾਂ ਕੂੜੇ ਵਿੱਚ ਨਹੀਂ ਸੁੱਟਦੀ। ਮੇਰੇ ਮਾਤਾ ਜੀ ਮੈਨੂੰ ਹਮੇਸ਼ਾ ਘਰ ਵਿੱਚ ਗਰਮ ਕੱਪੜੇ ਪਾ ਕੇ ਰੱਖਣ ਦੀ ਸਲਾਹ ਦਿੰਦੇ ਹਨ ਤਾਂ ਕਿ ਹੀਟਿੰਗ ਘੱਟ ਲਾਉਣੀ ਪਵੇ।

**0 4** **M2** ਪਿਛਲੇ ਹਫਤੇ ਮੇਰੇ ਮਾਤਾ ਪਿਤਾ ਜੀ ਦੇ ਵਿਆਹ ਦੀ 25 ਵੀਂ ਵਰ੍ਹੇ ਗੰਢ ਮਨਾਉਣ ਲਈ ਅਸੀਂ ਸਾਰਾ ਪਰਿਵਾਰ ਰੈਸਟੋਰੈਂਟ ਖਾਣਾ ਖਾਣ ਗਏ ਸੀ। ਇਸ ਹਫਤੇ ਅਸੀਂ ਆਪਣੇ ਦੋਸਤ ਦਾ ਜਨਮ ਦਿਨ ਮਨਾਉਣ ਲਈ ਇੱਕ ਫੁੱਟਬਾਲ ਮੈਚ ਦੇਖਣ ਜਾ ਰਹੇ ਹਾਂ। ਅਗਲੇ ਮਹੀਨੇ ਮੇਰੇ ਭਰਾ ਦੀ ਮੰਗਣੀ ਕਰਨ ਲਈ ਅਸੀਂ ਹੋਟਲ ਵਿੱਚ ਪਾਰਟੀ ਦਾ ਪ੍ਰਬੰਧ ਕਰਾਂਗੇ।

**0 5** **M1** ਮੈਂ ਜਾਨਵਰਾਂ ਦੇ ਹਸਪਤਾਲ ਵਿੱਚ ਆਪਣੀ ਮਰਜ਼ੀ ਨਾਲ ਕੰਮ ਸ਼ੁਰੂ ਕੀਤਾ ਹੈ। ਮੈਂ ਜਾਨਵਰਾਂ ਨੂੰ ਖਾਣਾ ਦਿੰਦਾ ਹਾਂ। ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਹਮੇਸ਼ਾ ਆਪਣੇ ਸਾਥੀ ਕਰਮਚਾਰੀਆਂ ਨਾਲ ਮਿਲ ਕੇ ਕੰਮ ਕਰੋ। ਭਾਵੇਂ ਇਹ ਕੰਮ ਸੌਖਾ ਨਹੀਂ ਕਿਉਂਕਿ ਸ਼ੁਰੂ ਵਿੱਚ ਸ਼ਾਇਦ ਤੁਸੀਂ ਬਿਮਾਰ ਜਾਨਵਰਾਂ ਨੂੰ ਦੇਖ ਕੇ ਦੁਖੀ ਹੋ ਜਾਵੋ ਪਰ ਇਹ ਕੰਮ ਹੈ ਬਹੁਤ ਹੀ ਲਾਭਦਾਇਕ।

**0 6** **M2** ਫੈਸ਼ਨ ਹਮੇਸ਼ਾ ਸਮੇਂ ਦੇ ਨਾਲ ਬਦਲਦਾ ਰਹਿੰਦਾ ਹੈ। ਕੱਪੜਿਆਂ ਦਾ ਫੈਸ਼ਨ ਦੂਜੀਆਂ ਚੀਜ਼ਾਂ ਦੇ ਫੈਸ਼ਨ ਦੇ ਮੁਕਾਬਲੇ ਬਹੁਤ ਜਲਦੀ ਬਦਲਦਾ ਹੈ। ਫੈਸ਼ਨਦਾਰ ਕੱਪੜੇ ਇਨਸਾਨ ਦੀ ਸ਼ਖਸੀਅਤ ਨੂੰ ਵਧੀਆ ਬਣਾਉਂਦੇ ਹਨ। ਕੱਪੜੇ ਹਰੇਕ ਸਭਿਆਚਾਰ ਦੀ ਪਛਾਣ ਹਨ। ਫੈਸ਼ਨ ਅਨੁਸਾਰ ਕੱਪੜੇ ਪਾ ਕੇ ਬਹੁਤ ਸਾਰੇ ਲੋਕਾਂ ਦਾ ਆਤਮ ਵਿਸ਼ਵਾਸ ਵਧ ਜਾਂਦਾ ਹੈ।

**0 7** **F1** ਮੇਰੇ ਖਿਆਲ ਵਿੱਚ ਜਦੋਂ ਤੁਸੀਂ ਆਪਣੀਆਂ ਅਤੇ ਆਪਣੇ ਦੋਸਤਾਂ ਦੀਆਂ ਫੋਟੋ ਸੋਸ਼ਲ ਮੀਡੀਆ ਤੇ ਅਪਲੋਡ ਕਰਦੇ ਹੋ ਤਾਂ ਉਹਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੋ ਜਿਹੜੇ ਆਪਣੀ ਪਛਾਣ ਦੂਜਿਆਂ ਨਾਲ ਸਾਂਝੀ ਨਹੀਂ ਕਰਨਾ ਚਾਹੁੰਦੇ।

**0 8** **F2** ਮੇਰੇ ਵਿਚਾਰ ਵਿੱਚ ਜੇ ਤੁਹਾਨੂੰ ਸੋਸ਼ਲ ਮੀਡੀਏ ਤੇ ਕਿਸੇ ਵੀ ਤਰ੍ਹਾਂ ਦਾ ਗਲਤ ਸੁਨੇਹਾ ਮਿਲਦਾ ਹੈ ਤਾਂ ਜ਼ਰੂਰ ਕਿਸੇ ਬਾਲਗ ਨਾਲ ਸਾਂਝਾ ਕਰੋ।

**0 9** **M1** ਸੋਸ਼ਲ ਮੀਡੀਆ ਤੇ ਕੋਈ ਵੀ ਸੁਨੇਹਾ ਲਿਖਣ ਤੋਂ ਪਹਿਲਾਂ ਜ਼ਰੂਰ ਸੋਚੋ, ਜੇ ਕੁਝ ਗਲਤ ਲਿਖ ਹੋ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ। ਤੁਸੀਂ ਉਸੇ ਵੇਲੇ ਸੌਖੇ ਤਰੀਕੇ ਨਾਲ ਗਲਤ ਸੁਨੇਹੇ ਨੂੰ ਮਿਟਾ ਸਕਦੇ ਹੋ।

**1 0** **F2** ਇੱਕ ਆਦਰਸ਼ ਉਮੀਦਵਾਰ ਕੋਲ ਅੰਗਰੇਜ਼ੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਯੋਗਤਾ ਹੋਣੀ ਬਹੁਤ ਜ਼ਰੂਰੀ ਹੈ ਤਾਂ ਕਿ ਉਹ ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਬੋਲੀਆਂ ਬੋਲ ਤੇ ਸਮਝ ਸਕੇ।

**1 1** **F2** ਉਮੀਦਵਾਰ ਇਹ ਵੀ ਜਾਣਦਾ ਹੋਵੇ ਕਿ ਗਾਹਕਾਂ ਨਾਲ ਚੰਗੇ ਸੰਬੰਧ ਕਿਵੇਂ ਬਣਾਉਣੇ ਹਨ।

**1 2** **F2** ਉਮੀਦਵਾਰ ਕੋਲ ਇਸ ਪੇਸ਼ੇ ਲਈ ਬਿਮਾਰ ਲੋਕਾਂ ਨਾਲ ਕੰਮ ਕਰਨ ਦਾ ਤਜਰਬਾ ਹੋਣਾ ਵੀ ਬਹੁਤ ਜ਼ਰੂਰੀ ਹੈ।

**1 3** **F1** ਮੈਂ ਪਿਛਲੇ ਹਫਤੇ ਆਪਣੇ ਮਾਮਾ ਜੀ ਦੀ ਲੜਕੀ ਦੇ ਵਿਆਹ ਗਈ ਸੀ। ਵਿਆਹ ਇੱਕ ਕਿਲੇ ਵਰਗੇ ਸੁੰਦਰ ਹਾਲ ਵਿੱਚ ਸੀ ਪਰ ਉੱਥੇ ਠੰਡ ਬਹੁਤ ਸੀ। ਮੈਨੂੰ ਆਪਣੀ ਭੈਣ ਦਾ ਲਾਂਵਾਂ ਵਾਲਾ ਲਹਿੰਗਾ ਸੁਹਣਾ ਨਹੀਂ ਲੱਗਾ, ਪਤਾ ਨਹੀਂ ਉਸ ਨੇ ਇਹ ਪਾਉਣ ਦਾ ਫੈਸਲਾ ਕਿਉਂ ਕੀਤਾ ! ਵਿਆਹ ਦਾ ਭੋਜਨ ਬਹੁਤ ਸੁਆਦ ਅਤੇ ਵਧੀਆ ਤਰੀਕੇ ਨਾਲ ਪਰੋਸਿਆ ਹੋਇਆ ਸੀ। ਵਿਆਹ ਦੀ ਪਾਰਟੀ ਵਿੱਚ ਅਸੀਂ ਭੰਗੜਾ ਨਹੀਂ ਪਾ ਸਕੇ ਕਿਉਂਕਿ ਡੀ. ਜੇ. ਵਾਲਿਆਂ ਨੇ ਸੰਗੀਤ ਬਹੁਤ ਹੌਲੀ ਲਾਇਆ ਸੀ।

**1 4** **F1** ਲੋਕ ਭਲਾਈ ਦੇ ਕੰਮ ਕਰਨ ਨਾਲ ਕੀ ਲਾਭ ਹੋਵੇਗਾ ?

**M1** ਸੁੱਖੀ, ਲੋਕ ਭਲਾਈ ਦੇ ਕੰਮ ਕਰਨ ਨਾਲ ਸਮਾਜ ਨੂੰ ਫਾਇਦਾ ਹੋਵੇਗਾ ਅਤੇ ਇਸ ਦੇ ਨਾਲ ਇਹ ਕੰਮ ਕਰਨ ਵਾਲੇ ਦਾ ਆਤਮ ਵਿਸ਼ਵਾਸ ਵੀ ਵਧਾਵੇਗਾ।

**F1** ਡਾਕਟਰ ਬਣਨ ਲਈ ਮੈਨੂੰ ਕੰਮ ਦੇ ਤਜਰਬੇ ਦੀ ਲੋੜ ਹੈ ਪਰ ਯੋਗਤਾ ਤੋਂ ਬਗੈਰ ਮੈਨੂੰ ਕਿਤੇ ਵੀ ਮਰੀਜ਼ਾਂ ਨਾਲ ਕੰਮ ਕਰਨ ਦਾ ਮੌਕਾ ਨਹੀਂ ਮਿਲਦਾ।

**M1** ਗੱਲ ਤਾਂ ਠੀਕ ਹੈ ਪਰ ਤੁਸੀਂ ਬਜ਼ੁਰਗਾਂ ਦੀ ਦੇਖਭਾਲ ਕਰਨ ਵਾਲੇ ਘਰ ਵਿੱਚ ਕੰਮ ਕਰਕੇ ਉਨ੍ਹਾਂ ਦੀ ਦੇਖ ਭਾਲ ਕਰਨ ਦੇ ਨਾਲ ਨਾਲ ਚੰਗੇ ਸੰਬੰਧ ਵੀ ਬਣਾ ਸਕਦੇ ਹੋ। ਇਸ ਨਾਲ ਲੋੜਵੰਦਾਂ ਦੀ ਜ਼ਿੰਦਗੀ ਵਿੱਚ ਸੁਧਾਰ ਲਿਆ ਕੇ ਤੁਸੀਂ ਮਾਣ ਮਹਿਸੂਸ ਕਰੋਗੇ।

**1 5** **M2** ਸਾਡੇ ਇਲਾਕੇ ਵਿੱਚ ਹਵਾਈ ਅੱਡਾ ਹੋਣ ਕਰਕੇ ਪਿਛਲੇ ਸਾਲ ਤੋਂ ਆਵਾਜਾਈ ਦੇ ਸਾਧਨਾਂ ਵਿੱਚ ਬਹੁਤ ਤੇਜ਼ੀ ਨਾਲ ਤਬਦੀਲੀ ਹੋ ਰਹੀ ਹੈ। ਸ਼ਹਿਰ ਨੂੰ ਦੇਸ਼ ਦੇ ਦੂਜੇ ਹਿੱਸਿਆਂ ਨਾਲ ਜੋੜਨ ਲਈ ਨਵੀਂ ਕਰਾਸ ਰੇਲ ਆਰੰਭ ਕਰਕੇ ਰੇਲਵੇ ਸਟੇਸ਼ਨ ਨੂੰ ਦੁਬਾਰਾ ਬਣਾਇਆ ਜਾ ਰਿਹਾ ਹੈ। ਬਹੁਤ ਸਾਰੀਆਂ ਸੜਕਾਂ ਬੰਦ ਹੋਣ ਨਾਲ ਰਸਤੇ ਬਦਲ ਕੇ ਮੰਜ਼ਲ ਤੇ ਪਹੁੰਚਣ ਲਈ ਜ਼ਿਆਦਾ ਸਮਾਂ ਲੱਗ ਜਾਂਦਾ ਹੈ।

**1 6** **F1** ਮੇਰਾ ਨਾਂ ਪ੍ਰਭਜੋਤ ਹੈ। ਮੇਰੇ ਖਿਆਲ ਵਿੱਚ ਕ੍ਰਿਕਟ ਦੇ ਮੈਦਾਨ ਦੇ ਨੇੜੇ ਵਾਲੇ ਜੰਕਸ਼ਨ ਕੋਲ ਸੜਕਾਂ ਚੌੜੀਆਂ ਕਰਨੀਆਂ ਚਾਹੀਦੀਆਂ ਹਨ। ਸੜਕਾਂ ਤੰਗ ਹੋਣ ਕਰਕੇ ਟਰੈਫਿਕ ਜ਼ਿਆਦਾ ਹੋ ਜਾਂਦਾ ਹੈ।

**M1** ਮੈਂ ਕਰਨ ਹਾਂ, ਮੇਰੇ ਵਿਚਾਰ ਵਿੱਚ ਸ਼ੌਪਿੰਗ ਪਲਾਜ਼ਾ ਵਿੱਚ ਕਾਰਾਂ ਖੜ੍ਹੀਆਂ ਕਰਨ ਲਈ ਹੋਰ ਥਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਕਿਉਂਕਿ ਕਾਰ ਖੜ੍ਹੀ ਕਰਨ ਦੀ ਮੁਸ਼ਕਲ ਕਾਰਨ ਗਾਹਕ ਦਿਨੋ ਦਿਨ ਘਟਦੇ ਜਾ ਰਹੇ ਹਨ।

**F2** ਮੇਰਾ ਨਾਂ ਜਸਪ੍ਰੀਤ ਹੈ। ਸਾਡੇ ਲਈ ਇਹ ਬਹੁਤ ਮਹੱਤਵਪੂਰਣ ਹੈ ਕਿ ਅਜਾਇਬ ਘਰ ਬੰਦ ਕਰਨ ਦੀ ਯੋਜਨਾ ਨੂੰ ਰੋਕਿਆ ਜਾਵੇ ਕਿਉਂਕਿ ਬਾਹਰੋਂ ਆਉਣ ਵਾਲੇ ਯਾਤਰੀਆਂ ਦੇ ਦੇਖਣ ਲਈ ਇਹ ਇੱਕ ਪ੍ਰਸਿੱਧ ਥਾਂ ਹੈ।

**1 7** **F1** ਮੈਂ ਰੂਪ ਹਾਂ। ਮੇਰਾ ਹੋਣ ਵਾਲਾ ਸਾਥੀ ਭਾਵੇਂ ਖੂਬਸੂਰਤ ਨਾ ਵੀ ਹੋਵੇ ਮੈਨੂੰ ਕੋਈ ਫਰਕ ਨਹੀਂ ਪੈਂਦਾ ਪਰ ਉਹ ਅਮੀਰ ਜ਼ਰੂਰ ਹੋਵੇ।

**F2** ਮੈਂ ਗੀਤਾ ਹਾਂ। ਜੇ ਮੇਰਾ ਆਦਰਸ਼ ਸਾਥੀ ਜ਼ਿਆਦਾ ਪੜ੍ਹਿਆ ਲਿਖਿਆ ਨਾ ਵੀ ਹੋਇਆ ਤਾਂ ਕੋਈ ਗੱਲ ਨਹੀਂ ਪਰ ਉਸ ਦੀਆਂ ਦਿਲਚਸਪੀਆਂ ਮੇਰੇ ਨਾਲ ਜ਼ਰੂਰ ਮਿਲਦੀਆਂ ਹੋਣੀਆਂ ਚਾਹੀਦੀਆਂ ਹਨ।

**M1** ਮੈਂ ਮਨਜੋਤ ਹਾਂ। ਮੇਰੀ ਹੋਣ ਵਾਲੀ ਸਾਥਣ ਨੌਕਰੀ ਕਰੇ ਜਾਂ ਨਾ ਕਰੇ ਪਰ ਸਾਂਝੇ ਪਰਿਵਾਰ ਵਿੱਚ ਸਾਰਿਆਂ ਨਾਲ ਮਿਲਜੁਲ ਕੇ ਰਹਿਣ ਵਾਲੀ ਜ਼ਰੂਰ ਹੋਵੇ।

**1 8** **F1** ਜਸਲੀਨ, ਤੁਸੀਂ ਆਪਣੇ ਬਣਾਏ ਡਿਜ਼ਾਈਨਰ ਕੱਪੜਿਆਂ ਬਾਰੇ ਕੀ ਕਹਿਣਾ ਚਾਹੋਗੇ?

**F2** ਮੇਰੀ ਕੰਪਨੀ ਦੁਆਰਾ ਬਣਾਏ ਸੂਤੀ ਕੱਪੜੇ ਨੌਜਵਾਨਾਂ ਵਿੱਚ ਬਹੁਤ ਹੀ ਹਰਮਨ ਪਿਆਰੇ ਹਨ ਕਿਉਂਕਿ ਮੇਰੀ ਕੰਪਨੀ ਵਿੱਚ ਕੱਪੜੇ ਬਣਾਉਣ ਵੇਲੇ ਕੁਦਰਤੀ ਸਾਮਾਨ ਵਰਤਿਆ ਜਾਂਦਾ ਹੈ।

**F1** ਕਈ ਡਿਜ਼ਾਈਨਰਜ਼ ਘੱਟ ਕੀਮਤ ਵਾਲੇ ਡਿਜ਼ਾਈਨਰ ਕੱਪੜਿਆਂ ਨੂੰ ਫੈਸ਼ਨ ਉਦਯੋਗ ਲਈ ਇੱਕ ਧਮਕੀ ਸਮਝਦੇ ਹਨ? ਤੁਸੀਂ ਇਸ ਬਾਰੇ ਕੀ ਸੋਚਦੇ ਹੋ?

**F2** ਇਹ ਗੱਲ ਗਲਤ ਹੈ ਕਿਉਂਕਿ ਮੇਰੇ ਲਈ ਤਾਂ ਇਹ ਇੱਕ ਵਰਦਾਨ ਹੈ ਕਿ ਮੈਂ ਉਹਨਾਂ ਗਾਹਕਾਂ ਨੂੰ ਸੰਤੁਸ਼ਟ ਕਰ ਸਕਦੀ ਹਾਂ ਜਿਹੜੇ ਫੈਸ਼ਨ ਅਤੇ ਵਾਜਬ ਕੀਮਤ, ਦੋਵੇਂ ਚੀਜ਼ਾਂ ਚਾਹੁੰਦੇ ਹਨ।

## Section B

Questions and answers in **Panjabi**.

**1 9** **M1** ਕਰਮ, ਤੁਸੀਂ ਟੈਲੀਵਿਜ਼ਨ ਤੇ ਕਿਸ ਤਰ੍ਹਾਂ ਦੇ ਖਾਣਿਆਂ ਦਾ ਪ੍ਰੋਗਰਾਮ ਦੇਖਦੇ ਹੋ ?

**M2** ਮੈਂ ਤਲੇ ਹੋਏ ਭੋਜਨ ਨਾਲੋਂ ਭੁੰਨਿਆ ਹੋਇਆ ਖਾਣਾ ਜ਼ਿਆਦਾ ਪਸੰਦ ਕਰਦਾ ਹਾਂ ਇਸ ਲਈ ਮੈਂ ਕੇਵਲ ਭੁੰਨੇ ਹੋਏ ਖਾਣਿਆਂ ਬਾਰੇ ਪ੍ਰੋਗਰਾਮ ਦੇਖਦਾ ਹਾਂ। ਦੀਪ, ਤੁਸੀਂ ਵੀ ਦੱਸੋ।

**M1** ਮੈਂ ਮਾਸ ਅਤੇ ਮੱਛੀ ਨਹੀਂ ਖਾਂਦਾ, ਇਸ ਲਈ ਮੈਂ ਸਿਰਫ ਵੈਸ਼ਨੋ ਖਾਣੇ ਬਣਾਉਣ ਦਾ ਪ੍ਰੋਗਰਾਮ ਹੀ ਦੇਖਦਾ ਹਾਂ।

**2 0** **M1** ਹਰਿੰਦਰ, ਤੁਹਾਨੂੰ ਪੰਜਾਬੀ ਕਾਨਸਰਟ ਕਿਵੇਂ ਲੱਗਿਆ ?

**M2** ਸਾਰੇ ਗਾਇਕਾਂ ਨੇ ਬਹੁਤ ਚੰਗੇ ਗਾਣੇ ਗਾਏ ਅਤੇ ਮਾਹੌਲ ਬਹੁਤ ਖੁਸ਼ੀ ਵਾਲਾ ਸੀ ਪਰ ਖਾਣ ਪੀਣ ਦੀਆਂ ਚੀਜ਼ਾਂ ਬਹੁਤ ਮਹਿੰਗੀਆਂ ਸਨ।

**M1** ਕਾਨਸਰਟ ਤੋਂ ਬਾਅਦ ਤੁਸੀਂ ਕੀ ਕੀਤਾ ?

**M2** ਮੇਰਾ ਦੋਸਤ ਆਪਣੇ ਭਰਾ ਨੂੰ ਰੈਸਟੋਰੈਂਟ ਵਿੱਚ ਮਿਲਣਾ ਚਾਹੁੰਦਾ ਸੀ ਇਸ ਕਰਕੇ ਮੈਨੂੰ ਇੱਕਲੇ ਨੂੰ ਹੀ ਘਰ ਆਉਣਾ ਪਿਆ।

**2 1** **M1** ਸਕੂਲਾਂ ਵਿੱਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਬਾਰੇ ਖੋਜ ਅਨੁਸਾਰ ਇਸ ਸਮੱਸਿਆ ਵਿੱਚ ਹਰ ਸਾਲ ਵਾਧਾ ਹੋ ਰਿਹਾ ਹੈ। ਸਰਕਾਰ ਸਕੂਲਾਂ ਵਿੱਚ ਇਸ ਸਮੱਸਿਆ ਨੂੰ ਘਟਾਉਣ ਦੀ ਬਹੁਤ ਕੋਸ਼ਿਸ਼ ਕਰ ਰਹੀ ਹੈ ਪਰ ਚਿੰਤਾ ਇਸ ਗੱਲ ਦੀ ਹੈ ਕਿ ਜਿਹਨਾਂ ਬੱਚਿਆਂ ਨੂੰ ਇਹ ਸਮੱਸਿਆ ਹੈ ਉਹ ਕਿਸੇ ਨਾਲ ਕੁਝ ਵੀ ਸਾਂਝਾ ਨਹੀਂ ਕਰਨਾ ਚਾਹੁੰਦੇ।

**2 2** **M2** ਬਹੁਤ ਧੁੰਦ ਪੈਣ ਨਾਲ ਮੌਸਮ ਖਰਾਬ ਹੋਣ ਕਰਕੇ ਜਲੰਧਰ ਦੇ ਨੇੜੇ ਜੀ ਟੀ ਰੋਡ ਤੇ ਇੱਕ ਭਿਆਨਕ ਦੁਰਘਟਨਾ ਹੋ ਗਈ ਹੈ। ਡਰਾਈਵਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 10 ਮੀਲ ਤੱਕ ਟਰੈਫਿਕ ਕਈ ਘੰਟੇ ਰੁੱਕਿਆ ਰਹੇਗਾ। ਇਸ ਲਈ ਉਨ੍ਹਾਂ ਨੂੰ ਆਪਣੇ ਆਪਣੇ ਘਰ ਪਹੁੰਚਣ ਲਈ ਦੇਰੀ ਹੋ ਸਕਦੀ ਹੈ। ਡਰਾਈਵਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕ੍ਰਿਪਾ ਕਰਕੇ ਸਬਰ ਨਾਲ ਟਰੈਫਿਕ ਘੱਟ ਹੋਣ ਤੱਕ ਆਪਣੇ ਵਾਹਨ ਵਿੱਚ ਹੀ ਉਡੀਕ ਕਰੋ। ਜੇਕਰ ਤੁਸੀਂ ਹਵਾਈ ਅੱਡੇ ਤੇ ਫਲਾਈਟ ਫੜਨ ਲਈ ਸਮੇਂ ਸਿਰ ਪਹੁੰਚਣਾ ਚਾਹੁੰਦੇ ਹੋ ਤਾਂ ਰਸਤਾ ਬਦਲ ਲਵੋ।

**END OF TEST**

**There are no text printed on this page**

**There are no text printed on this page**

**There are no text printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2022 AQA and its licensors. All rights reserved.